ਡਿਜੀਟਲ ਦੋਮਾਹੀ ਪੱਤਰ ਅੰਕ: 2, ਨੰ: 1 (ਜਨਵਰੀ-ਫ਼ਰਵਰੀ, 2022)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE'

Vol. 2 No. 1 ( January-February 2022)

### ਸੰਪਾਦਕੀ ਬੋਰਡ

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਦੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਪਸ਼ੂ ਪਾਲਣ ਨੂੰ ਕਾਮਯਾਬ ਕਰ ਕੇ, ਕਿਸਾਨੀ ਨੂੰ ਖੁਸ਼ਹਾਲ ਬਣਾਈਏ

ਕੋਰੋਨਾ ਮਹਾਂਮਾਰੀ ਦੇ ਦੌਰ ਵਿੱਚ ਖੇਤੀਬਾੜੀ ਅਤੇ ਪਸ਼ੂ ਪਾਲਣ ਨੇ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਅਤੇ ਦੇਸ਼ ਨੂੰ ਆਰਥਿਕ ਸੰਕਟ ਵਿੱਚ ਵੀ ਸਹਾਰਾ ਦਿੱਤਾ। ਪਸ਼ੂ ਪਾਲਣ ਦੇ ਤਜਰਬੇ ਤੋਂ ਇਸ ਧਾਰਨਾ ਨੂੰ ਹੋਰ ਵੀ ਬਲ ਮਿਲਿਆ ਹੈ ਕਿ ਇਹ ਖੇਤਰ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਗੁਜ਼ਾਰੇ ਲਈ ਬਹੁਤ ਮਹੱਤਵਪੂਰਨ ਹੈ। ਪਸ਼ੂ ਪਾਲਣ ਦੀ ਮਹੱਤਤਾ ਨੂੰ ਦੇਖਦੇ ਹੋਏ, ਇਸ ਕਿੱਤੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਪਸ਼ੂ ਪਾਲਣ ਨੂੰ ਹੁਲਾਰਾ ਦੇਣ ਲਈ ਕਈ ਸਕੀਮਾਂ ਚੱਲ ਰਹੀਆਂ ਹਨ। ਇਹਨਾਂ ਸਕੀਮਾਂ ਤਹਿਤ ਦੁਧਾਰੂ ਪਸ਼ੂਆਂ ਨੂੰ ਗੱਭਣ ਕਰਨ ਲਈ ਉੱਚ ਕੋਟੀ ਦੇ ਸਾਨ੍ਹਾਂ ਤੋਂ ਤਿਆਰ ਵੀਰਜ ਦੇ ਟੀਕੇ, ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ, ਪਸ਼ੂਆਂ ਦੀ ਸੰਭਾਲ ਲਈ ਸਿਖਲਾਈ, ਡੇਅਰੀ ਉਪਕਰਨਾਂ ਦੀ ਖਰੀਦ 'ਤੇ ਰਿਆਇਤ ਵਰਗੀਆਂ ਸਹੂਲਤਾਂ ਕਿਸਾਨ ਪਰਿਵਾਰਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ। ਕਿਸਾਨ ਪਸ਼ੂ ਉਤਪਾਦ ਤਿਆਰ ਕਰਨ ਅਤੇ ਮੰਡੀਕਰਨ ਕਰਨ ਲਈ ਸੰਗਠਨ ਬਣਾ ਕੇ ਨਾਬਾਰਡ ਬੈਂਕ ਰਾਹੀਂ ਆਰਥਿਕ ਮਦਦ ਵੀ ਲੈ ਸਕਦੇ ਹਨ। ਸਮੂਹ ਵਿੱਚ ਖੇਤੀ ਅਤੇ ਪਸ਼ੂ ਪਾਲਣ ਵਿੱਚ ਵਰਤੇ ਜਾਣ ਵਾਲੇ ਉਪਕਰਨਾਂ ਦੀ ਖਰੀਦ ਲਈ ਸਬਸਿਡੀ ਵੀ ਦਿੱਤੀ ਜਾਂਦੀ ਹੈ। ਕਿਸਾਨ ਵੀ੍ਰ ਅਤੇ ਭੈਣਾਂ ਖੇਤੀਬਾੜੀ ਵਿਭਾਗ, ਪਸ਼ੂ ਪਾਲਣ ਵਿਭਾਗ ਅਤੇ ਡੇਅਰੀ ਵਿਕਾਸ ਵਿਭਾਗ ਰਾਹੀਂ ਇਹਨਾਂ ਸਕੀਮਾਂ ਦਾ ਲਾਭ ਲੈ ਸਕਦੇ ਹਨ।

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਤੋਂ ਪਸ਼ੂ ਪਾਲਣ ਅਤੇ ਮੁਰਗੀ ਪਾਲਣ ਸਬੰਧੀ ਸਿਖਲਾਈ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪੰਜਾਬ ਵਿੱਚ ਜ਼ਿਲ੍ਹਾ ਪੱਧਰ ਦੇ ਕੁਛ ਚੋਣਵੇਂ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਮੁਰਗੀ ਪਾਲਣ ਦੀ ਸਿਖਲਾਈ ਉਪਰੰਤ ਛੋਟੇ ਪੱਧਰ ਦੀਆਂ ਮੁਰਗੀ ਪਾਲਣ ਇਕਾਈਆਂ ਤਿਆਰ ਕਰਨ ਲਈ ਸਹਾਇਤਾ ਦਿੱਤੀ ਜਾਂਦੀ ਹੈ। ਪੰਜਾਬ ਭਰ ਦੇ ਸਮੂਹ ਕਿਸਾਨ ਉੱਤਮ ਨਸਲ ਦੇ ਪਸ਼ੂ ਪਾਲ ਕੇ ਆਪਣੀ ਆਮਦਨੀ ਵਿੱਚ ਵਾਧਾ ਕਰ ਖੁਸ਼ਹਾਲ ਬਣ ਸਕਦੇ ਹਨ। (ਸੰਪਾਦਕ)

## ਯੂਨੀਵਰਸਿਟੀ ਵਿਖੇ ਮੱਝਾਂ ਦੇ ਟਿਕਾਊ ਉਤਪਾਦਨ ਸਬੰਧੀ ਵਿਗਿਆਨਕ ਗੋਸ਼ਟੀ

ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ ਵਿਖੇ 10 ਅਤੇ 11 ਦਸੰਬਰ ਨੂੰ ਇੰਡੀਅਨ ਸੋਸਾਇਟੀ ਫ਼ਾਰ ਬਫ਼ਲੋ ਡਿਵੈਲਪਮੈਂਟ (ISBD) ਦੇ ਸਹਿਯੋਗ ਨਾਲ "ਮੱਝਾਂ ਤੋਂ ਟਿਕਾਊ ਉਤਪਾਦਨ ਲੈਣ ਸਬੰਧੀ ਦਰਪੇਸ਼ ਚੁਣੌਤੀਆਂ ਲਈ ਵਿਗਿਆਨਕ ਉਪਰਾਲੇ" ਵਿਸ਼ੇ 'ਤੇ ਦੋ ਰੋਜ਼ਾ ਵਿਗਿਆਨਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਡਾ. ਗੁਰਬਚਨ ਸਿੰਘ, ਸਾਬਕਾ ਚੇਅਰਮੈਨ, ਖੇਤੀਬਾੜੀ ਵਿਗਿਆਨੀ ਚੋਣ ਬੋਰਡ, ਨਵੀਂ ਦਿੱਲੀ ਨੇ ਬਤੌਰ ਮੁੱਖ ਮਹਿਮਾਨ ਉਦਘਾਟਨੀ ਸਮਾਰੋਹ ਦੀ ਸੋਭਾ ਵਧਾਈ। ਡਾ. ਪ੍ਰਵੀਨ ਮਲਿਕ, ਪਸ਼ੂ ਪਾਲਣ ਕਮਿਸ਼ਨਰ, ਭਾਰਤ ਸਰਕਾਰ ਅਤੇ ਸ਼੍ਰੀ ਕੇ ਐੱਸ ਸੰਘਾ, ਪ੍ਰਬੰਧਕੀ ਨਿਰਦੇਸ਼ਕ, ਮਿਲਕਫ਼ੈਡ ਸਮਾਪਤੀ ਸਮਾਰੋਹ ਦੇ ਮਹਿਮਾਨ ਵਜੋਂ ਸ਼ਾਮਲ ਹੋਏ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਇੰਦਰਜੀਤ ਸਿੰਘ ਨੂੰ ਸੋਸਾਇਟੀ ਦੇ ਮੁਖੀ ਵਜੋਂ ਚੁਣਿਆ ਗਿਆ। ਉਹਨਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਸੋਸਾਇਟੀ ਮੱਝਾਂ ਦੇ ਉਤਪਾਦਨ ਦੇ ਵਿਕਾਸ ਵਿੱਚ ਪੂਰਾ ਯੋਗਦਾਨ ਦੇਵੇਗੀ।






## ਮੂੰਹ ਖੁਰ ਤੋਂ ਬਚਾਅ ਲਈ ਰਾਸ਼ਟਰੀ ਪਸ਼ੂ ਰੋਗ ਰੋਕਥਾਮ ਪ੍ਰੋਗਰਾਮ

ਭਾਰਤ ਸਰਕਾਰ ਨੇ ਸਾਲ 2019 ਵਿੱਚ ਮੂੰਹ ਖੁਰ ਅਤੇ ਬ੍ਰੂਸੀਲੋਸਿਸ ਦੇ ਖਾਤਮੇ ਲਈ ਰਾਸ਼ਟਰੀ ਪਸ਼ੂ ਰੋਗ ਰੋਕਥਾਮ ਪ੍ਰੋਗਰਾਮ ਨਾਮਕ ਸਕੀਮ ਲਾਗੂ ਕੀਤੀ ਹੈ ਜਿਸ ਦੇ ਤਹਿਤ ਦੇਸ਼ ਭਰ ਵਿੱਚ ਗਾਵਾਂ, ਮੱਝਾਂ, ਬੱਕਰੀਆਂ, ਭੇਡਾਂ ਅਤੇ ਸੂਰਾਂ ਦਾ ਟੀਕਾਕਰਨ ਕੀਤਾ ਜਾਵੇਗਾ। ਇਸ ਸਕੀਮ ਦੇ ਤਹਿਤ ਸਰਕਾਰ ਨੇ ਸਾਲ ਟੀਕਾਕਰਨ ਰਾਹੀਂ 2030 ਤੱਕ ਮੂੰਹ ਖੁਰ ਦੀ ਬਿਮਾਰੀ ਦੇ ਪੂਰਨ ਖਾਤਮੇ ਦਾ ਟੀਚਾ ਰੱਖਿਆ ਹੈ।ਇਸ ਸਕੀਮ ਦੇ ਅਧੀਨ 4-5 ਮਹੀਨੇ ਦੀ ਉਮਰ ਤੋਂ ਉੱਪਰ ਦੇ ਹਰੇਕ ਪਸ਼ੂ ਨੂੰ ਕਿਰਮ ਰਹਿਤ ਕਰਕੇ ਮੂੰਹ ਖੁਰ ਤੋਂ ਬਚਾਅ ਲਈ ਟੀਕਾ ਲਗਾਇਆ ਜਾਵੇਗਾ।

ਇਸ ਦੇ ਨਾਲ ਹੀ ਪਸ਼ੂ ਨੂੰ ਇੱਕ ਟੈਗ ਲਗਾਇਆ ਜਾਵੇਗਾ ਜਿਸ ਰਾਹੀਂ ਟੀਕਾ ਲੱਗਣ ਵਾਲੇ ਪਸ਼ੂ ਦੀ ਪਹਿਚਾਣ ਕੀਤੀ ਜਾ ਸਕੇ।

ਇਸ ਤੋਂ ਬਾਅਦ ਹਰ ਛੇ ਮਹੀਨਿਆਂ ਦੇ ਫ਼ਰਕ ਨਾਲ ਪਸ਼ੂਆਂ ਨੂੰ ਟੀਕੇ ਦੁਹਰਾਏ ਜਾਣਗੇ ਅਤੇ ਹਰ ਟੀਕੇ ਦਾ ਪਸ਼ੂ ਨੂੰ ਲੱਗੇ ਟੈਗ ਦੀ ਮਦਦ ਨਾਲ ਹਿਸਾਬ ਰੱਖਿਆ ਜਾਵੇਗਾ।

ਇਸ ਤਰ੍ਹਾਂ ਪੂਰੇ ਦੇਸ਼ ਵਿੱਚ ਹਰ ਇੱਕ ਪਸ਼ੂ ਦਾ ਦੇ ਟੀਕਾਕਰਨ ਦਾ ਲੇਖਾ ਜੋਖਾ ਤਿਆਰ ਕੀਤਾ ਜਾ ਸਕੇਗਾ।

ਪਸ਼ੂ ਪਾਲਕ ਦੀ ਜਾਣਕਾਰੀ ਲਈ ਪਸ਼ੂਆਂ ਦੇ ਟੀਕਾਕਰਨ ਕਾਰਡ ਵੀ ਵੰਡੇ ਜਾਣਗੇ।

## ਦੁਧਾਰੂ ਪਸ਼ੂਆਂ ਦੀ ਚੋਣ ਕਰਨ ਸੰਬੰਧੀ ਕੁਝ ਸੁਝਾਅ

- ਵਧੀਆ ਲਵੇਰਾ ਉਹ ਹੁੰਦਾ ਹੈ ਜੋ ਵਧੇਰੇ ਦੁੱਧ ਦੇਵੇ, ਹਰ ਵਰਿਆਇਆ ਹੋਵੇ ਭਾਵ ਸਾਲ ਵਿੱਚ ਇੱਕ ਬੱਚਾ ਦੇਵੇ
- ਲਵੇਰਾ ਖਰੀਦਣ ਵੇਲੇ ਤਾਜ਼ਾ ਸੂਇਆ ਹੋਵੇ। ਦੂਜੇ ਜਾਂ ਤੀਜੇ ਸੂਏ ਹੋਵੇ, ਪਿੱਛੇ ਕੱਟੀ/ ਵੱਛੀ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ।
- ਲਵੇਰਾ ਹਮੇਸ਼ਾ 2-3 ਵਾਰ ਚੁਆਈ ਕਰਕੇ ਲਵੋ ਤਾਂ ਕਿ ਲਵੇਰੇ ਬਾਰੇ ਅਸਲੀਅਤ ਦਾ ਪਤਾ ਲੱਗ ਜਾਵੇ।
- ਮੱਝ ਖਰੀਦਣ ਵੇਲੇ ਦਾ ਔਸਤਨ ਦੁੱਧ 12-15 ਲਿਟਰ ਹੋਣਾ ਚਾਹੀਦਾ ਹੈ ਅਤੇ ਗਾਂ ਦਾ ਔਸਤਨ ਦੁੱਧ 20 ਲੀਟਰ ਦੇ ਕਰੀਬ ਹੋਣਾ ਚਾਹੀਦਾ ਹੈ।
- ਮੱਝ ਜਾਂ ਗਾਂ ਖਰੀਦਣ ਵੇਲੇ ਉਸ ਦੀ ਮਾਂ ਅਤੇ ਭੈਣਾਂ ਦੇ ਦੁੱਧ ਦੇ ਰਿਕਾਰਡ ਦੀ ਜਾਣਕਾਰੀ ਹੋਣੀ ਚਾਹੀਦੀ ਹੈ।
- ਲਵੇਰੇ ਦੀਆਂ ਲੱਤਾਂ ਮਜਬੂਤ ਹੋਣੀਆਂ ਚਾਹੀਦੀਆਂ ਅਤੇ ਉਹਨਾਂ ਵਿੱਚ ਚੰਗਾ ਫਾਸਲਾ ਹੋਣਾ ਚਾਹੀਦਾ ਹੈ ਤਾਂ ਜੋ ਲੇਵੇ ਦਾ ਚੰਗੀ ਤਰ੍ਹਾਂ ਵਿਸਥਾਰ ਹੋ ਸਕੇ। ਚਮੜੀ ਪਤਲੀ ਅਤੇ ਚਮਕਦਾਰ, ਗਰਦਨ ਲੰਬੀ ਅਤੇ ਪਤਲੀ ਅਤੇ ਅੱਖਾਂ ਚਮਕਦਾਰ ਹੋਣੀਆਂ ਚਾਹੀਦੀਆਂ ਹਨ।
- ਲਵੇਰਾ ਹਮੇਸ਼ਾ ਚੁਸਤ ਅਤੇ ਤੰਦਰਸੁਤ ਦਿੱਸਣਾ ਚਾਹੀਦਾ ਹੈ।

**ਖਾਸ ਗੱਲਾਂ:**

- ਲਵੇਰਾ ਹਮੇਸ਼ਾ ਨਸਲ  ਦਾ ਹੀ ਹੋਣਾ ਚਾਹੀਦਾ ਹੈ। ਜੇਕਰ ਮੁਰ੍ਹਾ ਖ਼ਰੀਦ ਰਹੇ ਹਾਂ ਤਾਂ ਸਾਰੇ ਲੱਛਣ ਮੁਰ੍ਹਾ ਵਾਲੇ ਹੋਣ ਅਤੇ ਜੇਕਰ ਨੀਲੀ ਰਾਵੀ ਖ਼ਰੀਦ ਰਹੇ ਹਾਂ ਤਾਂ ਸਾਰੇ ਲੱਛਣ ਨੀਲੀ ਰਾਵੀ ਵਾਲੇ ਹੋਣ।
- ਦੁਧਾਰੂ ਪਸ਼ੂ ਦਾ ਪਿੱਛਾ ਭਾਰਾ ਹੋਣਾ ਚਾਹੀਦਾ ਹੈ। ਭਾਵ ਵੇਖਣ ਨੂੰ ਤਿਕੋਣਾ ਲੱਗੇ। ਚਾਰੇ ਥਣ ਇੱਕੋ ਜਿਹੀ ਵਿੱਥ ਤੇ ਹੋਣੇ ਚਾਹੀਦੇ ਹਨ। ਮੱਝਾਂ ਵਿੱਚ ਅਗਲੇ ਥਣ ਥੋੜੇ ਛੋਟੇ ਤੇ ਪਿਛਲੇ ਲੰਬੇ ਹੁੰਦੇ ਹਨ ਅਤੇ ਦੇਸੀ ਗਾਵਾਂ ਵਿੱਚ ਇਸ ਦੇ ਉਲਟ ਹੁੰਦਾ ਹੈ। ਦੋਗਲੀਆਂ ਗਾਵਾਂ ਵਿੱਚ ਸਾਰੇ ਥਣਾਂ ਦਾ ਆਕਾਰ ਬਰਾਬਰ ਹੁੰਦਾ ਹੈ।
- ਥਣਾਂ ਵਿੱਚ ਕੋਈ ਨਾੜ/ ਗੰਢ/ ਰਸੌਲੀ ਨਹੀਂ ਹੋਣੀ ਚਾਹੀਦੀ।
- ਧਾਰ ਇਕਸਾਰ ਹੋਣੀ ਚਾਹੀਦੀ ਹੈ, ਫੁਹਾਰੇ ਵਰਗੀ ਨਹੀਂ ਹੋਣੀ ਚਾਹੀਦੀ।
- ਲੇਵਾ ਪੂਰੀ ਤਰਾਂ ਵਿਕਸਤ ਹੋਣਾ ਚਾਹੀਦਾ ਹੈ, ਇਹ ਲਟਕਵਾਂ ਨਹੀਂ ਹੋਣਾ ਚਾਹੀਦਾ।
- ਲੇਵਾ ਸੂਅ ਤੋਂ ਧੁੰਨੀ ਤੱਕ ਜੁੜਿਆ ਹੋਣਾ ਚਾਹੀਦਾ ਹੈ। ਲੇਵਾ ਜਿੰਨਾ ਚੌੜਾ ਅਤੇ ਵੱਡੇ ਆਕਾਰ ਦਾ ਹੋਵੇ ਉਨਾ ਹੀ ਚੰਗਾ ਹੈ।
- ਲੇਵੇ ਦੀ ਵੰਡ ਡੂੰਘੀ ਹੋਣੀ ਚਾਹੀਦੀ ਹੈ ਪਰ ਚੁਆਈ ਤੋਂ ਬਾਅਦ ਲੇਵਾ ਚੰਗੀ ਤਰ੍ਹਾਂ ਸੁੰਗੜ ਜਾਣਾ ਚਾਹੀਦਾ ਹੈ ਲੇਵੇ ਦੇ ਦੋਵੇ ਪਾਸੇ ਨਿਕਲਦੀਆਂ ਨਾੜੀਆਂ ਮੋਟੀਆਂ, ਵਿੰਗੀਆਂ-ਟੇਢੀਆਂ ਅਤੇ ਲੰਬੀਆਂ ਹੋਣੀਆਂ ਚਾਹੀਦੀਆਂ ਹਨ।
- ਲਵੇਰੇ ਦੇ ਖੁਰ ਵਧੇ ਨਹੀਂ ਹੋਣੇ ਚਾਹੀਦੇ। ਲੱਤਾਂ ਕਿਸੇ ਵੀ ਹਾਲਤ ਵਿੱਚ ਭਿੜਦੀਆਂ ਨਹੀਂ ਹੋਣੀਆਂ ਚਾਹੀਦੀਆਂ ।
- ਲਵੇਰਾ ਕਦੀ ਵੀ ਹੱਥਲ ਨਹੀਂ ਹੋਣਾ ਚਾਹੀਦਾ। ਕਈ ਮੱਝਾਂ ਹਮੇਸ਼ਾਂ ਖੁਰਲੀ ਨਾਲ ਸਿੰਗ ਮਾਰਦੀਆਂ ਰਹਿੰਦੀਆਂ ਹਨ ਅਤੇ ਕਈ ਮੱਝਾਂ ਅਕਸਰ ਜੀਭ ਕੱਢਦੀਆਂ (ਸੱਪਲ) ਰਹਿੰਦੀਆਂ ਹਨ। ਅਜਿਹਾ ਲਵੇਰਾ ਕਦੀ ਵੀ ਨਹੀਂ ਖਰੀਦਣਾ ਚਾਹੀਦਾ।
- ਧੋਖਾ ਧੜੀ ਤੋਂ ਬਚਣ ਲਈ ਲਵੇਰਾ ਭਰੋਸੇਮੰਦ ਪਸ਼ੂ ਪਾਲਕ ਤੋਂ ਖਰੀਦੋ। ਅੰਡੇਦਾਨੀ ਅਤੇ ਬੱਚੇਦਾਨੀ ਦਾ ਮਾਹਰ ਤੋਂ ਚੈੱਕਅੱਪ ਕਰਾਉ।ਕੁੱਝ ਬਿਮਾਰੀਆਂ ਜਿਹੜੀਆਂ ਕਿ ਪਸ਼ੂਆਂ ਤੋਂ ਮਨੁੱਖਾਂ ਨੂੰ ਫੈਲਦੀਆਂ ਹਨ ਉਨ੍ਹਾਂ ਦੇ ਟੈਸਟ ਕਰਾਉਣੇ ਚਾਹੀਦੇ ਹਨ।

(ਡਾ. ਸਿਮਰਜੀਤ ਕੌਰ)

## ਪੁਰਾਣੇ ਤਲਾਅ ਦਾ ਪ੍ਰਬੰਧ

### ਜਨਵਰੀ ਅਤੇ ਫ਼ਰਵਰੀ ਮਹੀਨੇ ’ਚ ਪ੍ਰਬੰਧ

- ਮੱਛੀ ਨੂੰ ਖੁਰਾਕ ਦੇਣੀ ਬੰਦ ਕਰ ਦਿਓ
- ਪਾਣੀ ਦਾ ਲੈਵਲ (ਡੂੰਘਾਈ) 6 ਫੁੱਟ ਤੱਕ ਵਧਾ ਦਿਓ
- ਤਲਾਅ ਵਿੱਚ ਚੂਨਾ ਪਾਓ (ਜੇ ਪੀ.ਐਚ. 8.5 ਤੋਂ ਘੱਟ ਹੋਵੇ)
- ਤਲਾਅ ਵਿੱਚ ਖਾਦਾਂ ਨਾ ਪਾਓ
- ਤੜਕੇ ਵੇਲੇ ਤਲਾਅ ਦੀ ਏਰੇਸ਼ਨ ਕਰੋ
- ਦੇਰ ਸ਼ਾਮ ਤਲਾਅ ਵਿੱਚ ਟਿਊਬਵੈੱਲ ਦਾ ਤਾਜ਼ਾ ਪਾਣੀ ਛੱਡੋ
- ਬੱਦਲਵਾਹੀ ਦੇ ਦਿਨਾਂ ਵਿੱਚ ਦਿਨ ਵੇਲੇ ਵੀ ਏਰੇਸ਼ਨ ਕਰੋ
- ਜੇਕਰ ਮੱਛੀ ਤਲਾਅ ਚੋਂ ਮੂੰਹ ਕੱਢ ਕੇ ਸਾਹ ਲੈਂਦੀ ਦਿਸੇ, ਤਾਂ ਤੱਤਕਾਲ ਤਲਾਅ ‘ਚ ਤਾਜ਼ਾ ਪਾਣੀ ਛੱਡੋ ਜਾਂ ਏਰੇਸ਼ਨ ਕਰੋ
- ਤਲਾਅ ਦੇ 10-20 ਫੀਸਦੀ ਪਾਣੀ ਦੀ ਤਾਜ਼ੇ ਪਾਣੀ ਨਾਲ ਅਦਲਾ-ਬਦਲੀ ਕਰੋ
- ਤਲਾਅ ਨੂੰ ਰੋਗਾਣੂ ਰਹਿਤ ਰੱਖਣ ਲਈ ਲਾਲ ਦਵਾਈ ($KMnO_4$) - 400-500 ਗ੍ਰਾਮ ਪ੍ਰਤੀ ਏਕੜ ਪਾਓ
- ਜੇਕਰ ਮੱਛੀ ਨੂੰ ਆਰਗੁਲਸ ਜੂੰ ਪੈ ਜਾਵੇ ਤਾਂ ਤਲਾਅ ਵਿੱਚ ਬੂਟੋਕਸ ਦਵਾਈ, 10-15 ਮਿ.ਲੀ./ਏਕੜ ਦੇ ਹਿਸਾਬ ਨਾਲ, ਹਫਤੇ ਦੇ ਅੰਤਰ ਨਾਲ ਤਿੰਨ ਵਾਰ ਪਾਓ
- 500 ਗ੍ਰਾਮ ਤੋਂ ਵੱਧ ਵੇਚਣ ਲਈ ਫੜੀ ਗਈ ਮੱਛੀ ਦਾ ਸਾਵਧਾਨੀ ਨਾਲ ਨਰੀਖਣ ਕਰੋ, ਤਾਂ ਜੋ ਸਮਾਂ ਰਹਿੰਦੇ ਬਿਮਾਰੀ ਅਤੇ ਪਰਜੀਵੀ ਮਾਰ ਤੋਂ ਬਚਿਆ ਜਾ ਸਕੇ/ਇਲਾਜ ਹੋ ਸਕੇ
- ਹਰ ਮੱਛੀ ਵੇਚ ਉਪਰੰਤ, ਤਲਾਅ ਵਿੱਚ ਕੱਢੀ ਗਈ ਮੱਛੀ ਦੀ ਗਿਣਤੀ ਦੇ ਬਰਾਬਰ ਉਂਗਲਾਕਾਰੀ ਬੱਚ ਸੰਚਿਤ ਕਰੋ।

## ਨਵੇਂ ਤਲਾਅ ਦਾ ਪ੍ਰਬੰਧ

### ਜਨਵਰੀ ਮਹੀਨੇ ’ਚ ਪ੍ਰਬੰਧ




- ਤਲਾਅ ਦੀ ਉਸਾਰੀ ਲਈ ਚੁਣੇ ਗਏ ਸਥਾਨ (ਸਾਈਟ) ਤੋਂ ਮਿੱਟੀ ਅਤੇ ਪਾਣੀ ਦੇ ਸੈਂਪਲ ਲੈ ਕੇ ਕਿਸੇ ਮਾਨਤਾ ਪ੍ਰਾਪਤ ਮਿੱਟੀ / ਪਾਣੀ ਪ੍ਰਯੋਗਸ਼ਾਲਾ ਤੋਂ ਟੈਸਟ ਕਰਾਓ
- ਤਲਾਅ ਵਿੱਚ ਪਾਣੀ ਭਰਨ ਲਈ ਟਿਊਬਵੈੱਲ ਜਾਂ ਕਿਸੇ ਹੋਰ ਸਰੋਤ (ਨਹਿਰ ਦਾ ਪਾਣੀ) ਦਾ ਯੋਗ ਪ੍ਰਬੰਧ ਯਕੀਨੀ ਬਣਾਓ
- ਤਲਾਅ ਦੀ ਪੁਟਾਈ ਸ਼ੁਰੂ ਕਰ ਦਿਓ, 3-4 ਫੁੱਟ ਪੁਟਾਈ ਤੋਂ ਬਾਅਦ ਪੁੱਟੀ ਗਈ ਮਿੱਟੀ ਨਾਲ ਤਲਾਅ ਦੇ ਬੰਨ ਉਸਾਰੋ
- ਰੋਲਰ ਜਾਂ ਟਰੈਕਟਰ ਦੀ ਮਦਦ ਨਾਲ ਤਲਾਅ ਦੇ ਬੰਨਾ ਨੂੰ ਮਜ਼ਬੂਤ ਬਣਾਓ (ਤਲਾਅ ਦੀ ਕੁੱਲ ਡੂੰਘਾਈ 7-8 ਫੁੱਟ)
- ਮਿੱਟੀ ਦੀ ਪੀ. ਐਚ. ਅਨੁਸਾਰ ਤਲਾਅ ਵਿੱਚ ਚੂਨਾ ਪਾਓ
- ਤਲਾਅ ਵਿੱਚ ਪਾਣੀ ਭਰਨਾ ਸ਼ੁਰੂ ਕਰ ਦਿਓ।

### ਫ਼ਰਵਰੀ ਮਹੀਨੇ ’ਚ ਪ੍ਰਬੰਧ

- ਜਨਵਰੀ ਵਿੱਚ ਪੁੱਟੇ ਤਲਾਅ ਵਿੱਚ ਉਦੋਂ ਤਕ ਲਗਾਤਾਰ ਪਾਣੀ ਭਰਦੇ ਰਹੋ, ਜਦ ਤੱਕ ਕਿ ਤਲਾਅ ਵਿੱਚ 5-6 ਫੁੱਟ ਲੈਵਲ ਤਕ ਪਾਣੀ ਖੜ੍ਹ ਨਾ ਜਾਵੇ
- ਤਲਾਅ ’ਚ ਪਾਣੀ ਤੋਂ ਉੱਪਰ 1.5-2 ਫੁੱਟ ਜਗ੍ਹਾ ਖਾਲੀ ਰੱਖੋ
- ਤਲਾਅ ਵਿੱਚ ਖਾਦ ਪਾਉਣ ਲਈ ਲੋੜੀਂਦੀ ਮਾਤਰਾ ਵਿੱਚ ਦੇਸੀ ਖਾਦਾਂ ਦਾ ਪ੍ਰਬੰਧ ਕਰੋ।

(ਡਾ. ਵਨੀਤਇੰਦਰ ਕੌਰ)

# ਪਸ਼ੂਆਂ ਵਿੱਚ ਨਾਈਟਰੇਟ-ਨਾਈਟਰਾਈਟ ਦਾ ਜ਼ਹਿਰਵਾਦ

## ਪਸ਼ੂਆਂ ਵਿੱਚ ਨਾਈਟਰੇਟ-ਨਾਈਟਰਾਈਟ ਜ਼ਹਿਰਵਾਦ ਦੇ ਕਾਰਨ

1 ਕੁਝ ਪੌਦੇ ਜਿਵੇਂ ਕਿ ਚਰ੍ਹੀ, ਮੱਕੀ, ਜੌ, ਬਾਜਰਾ ਆਦਿ ਆਮ ਤੌਰ 'ਤੇ ਜ਼ਹਿਰੀਲੇ ਨਹੀਂ ਹੁੰਦੇ ਪਰ ਕੁਝ ਨਿਮਨਲਿਖਤ ਖਾਸ ਹਲਾਤਾਂ ਵਿੱਚ ਇੰਨਾ ਵਿੱਚ ਨਾਈਟਰੇਟ ਦੀ ਮਾਤਰਾ ਵੱਧ ਜਾਂਦੀ ਹੈ।

ੳ) ਅਣਚਾਹੇ ਮੌਸਮ ਵਿੱਚ ਜਿਵੇਂ ਕਿ ਸੋਕਾ, ਕੋਰਾ ਆਦਿ ਦੌਰਾਨ ਪੱਠਿਆਂ ਵਿੱਚ ਨਾਈਟਰੇਟ ਦੀ ਮਾਤਰਾ ਵੱਧ ਸਕਦੀ ਹੈ।

ਅ) ਜ਼ਮੀਨ ਵਿੱਚ ਕੁਝ ਤੱਤ ਜਿਵੇਂ ਕਿ ਸਲਫਰ, ਫਾਸਫੋਰਸ ਜਾਂ ਮੋਲੀਬਿਡੀਨਮ ਦੀ ਮਾਤਰਾ ਘੱਟ ਜਾਣ ਕਾਰਨ।

ੲ) ਵਾਇਰਸ ਦੀ ਬਿਮਾਰੀ ਦੇ ਸ਼ਿਕਾਰ ਪੋਦਿਆਂ ਵਿੱਚ ਨਾਈਟਰੇਟ ਵਧੀਕ ਮਾਤਰਾ ਵਿੱਚ ਜਮ੍ਹਾਂ ਹੋ ਸਕਦਾ ਹੈ।

ਸ) ਕੱਚੇ ਪੌਦਿਆਂ ਵਿੱਚ ਨਾਈਟਰੇਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

2 ਪਾਣੀ ਵਿੱਚ ਖਾਦਾਂ ਅਤੇ ਗਲੇ ਸੜੇ ਪਦਾਰਥਾਂ ਕਾਰਨ ਨਾਈਟਰੇਟ ਦੀ ਮਾਤਰਾ ਵੱਧ ਸਕਦੀ ਹੈ।

3 ਨਾਈਟਰੇਟ ਵਾਲੀਆਂ ਖਾਦਾਂ ਦਾ ਲੋੜ ਤੋਂ ਵੱਧ ਇਸਤੇਮਾਲ ਕਾਰਨ ਵੀ ਇਹ ਜ਼ਹਿਰਵਾਦ ਹੋ ਸਕਦਾ ਹੈ।

## ਨਾਈਟਰੇਟ-ਨਾਈਟਰਾਈਟ ਜ਼ਹਿਰਵਾਦ ਦੇ ਲੱਛਣ:

ਇਹ ਜ਼ਹਿਰਵਾਦ ਆਮ ਤੌਰ 'ਤੇ ਮੱਝਾਂ ਅਤੇ ਗਾਵਾਂ ਵਿੱਚ ਜਿਆਦਾ ਹੁੰਦਾ ਹੈ। ਇਸਦੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ।

ੳ ਖੂਨ ਦਾ ਰੰਗ ਗੂੜਾ ਚਾਕਲੇਟ ਦੇ ਰੰਗ ਵਰਗਾ ਹੋ ਜਾਂਦਾ ਹੈ।

ਅ ਅੱਖ ਅਤੇ ਮੂੰਹ ਦੀ ਝਿੱਲੀ ਦਾ ਰੰਗ ਭੂਰਾ ਹੋ ਜਾਂਦਾ ਹੈ।

ੲ ਜਾਨਵਰ ਮੂੰਹ ਖੋਲ ਕੇ ਅਤੇ ਖਿੱਚਵਾਂ ਸਾਹ ਲੈਂਦਾ ਹੈ।

ਸ ਆਖਰ ਵਿੱਚ ਮੌਤ ਵੀ ਹੋ ਸਕਦੀ ਹੈ।

## ਨਾਈਟਰੇਟ-ਨਾਈਟਰਾਈਟ ਦੇ ਜ਼ਹਿਰਵਾਦ ਤੋਂ ਬਚਾਅ:

1 ਨਾਈਟਰੋਜਨ ਵਾਲੀਆਂ ਖਾਦਾਂ ਅਤੇ ਨਦੀਨ ਨਾਸ਼ਕਾਂ ਦੀ ਪੱਠਿਆਂ ਉਪਰ ਬੇਲੋੜੀ ਵਰਤੋਂ ਨਾ ਕਰੋ।

2 ਪਸ਼ੂਆਂ ਨੂੰ ਸਲ੍ਹਾਬ ਵਾਲੇ ਅਤੇ ਕਈ ਦਿਨਾਂ ਤੋਂ ਗਿੱਲੇ ਘਾਹ ਅਤੇ ਪੱਠੇ ਨਾ ਖਵਾਓ।

3 ਪਸ਼ੂਆਂ ਨੂੰ ਸੋਕੇ, ਗੜ੍ਹੇਮਾਰ, ਕੋਰਾ ਆਦਿ ਪੈਣ ਨਾਲ ਨਸ਼ਟ ਹੋਏ ਜਾਂ ਗਲੇ ਸੜੇ ਪੱਠੇ ਨਾ ਖਵਾਓ।

4 ਪੱਠਿਆਂ ਨੂੰ ਦਿਨ ਵਿੱਚ ਧੁੱਪ ਚੜ੍ਹਨ 'ਤੇ ਕੱਟੋ।

5 ਪਸ਼ੂਆਂ ਨੂੰ ਖੁਰਾਕ ਵਿੱਚ ਵਿਟਾਮਿਨ ਏ, ਡੀ, ਈ ਅਤੇ ਆਇਓਡਾਈਜਡ ਨਮਕ ਮਿਲਾਕੇ ਖਵਾਓ।

6 ਜਿਨ੍ਹਾਂ ਪੱਠਿਆਂ ਵਿੱਚ ਨਾਈਟਰੇਟ ਦੀ ਮਾਤਰਾ ਵੱਧ ਹੋਣ ਦੀ ਸ਼ੰਕਾ ਹੋਵੇ, ਉਹਨਾਂ ਦਾ ਨਿਰੀਖਣ ਕਰਵਾਓ

7 ਨਾਈਟਰੇਟ ਦੀ ਜਿਆਦਾ ਮਾਤਰਾ ਵਾਲੇ ਚਾਰੇ ਦਾ ਆਚਾਰ ਬਣਾ ਲੈਣਾ ਚਾਹੀਦਾ ਹੈ ਕਿਉਂਕਿ ਅਚਾਰ ਵਿਚੋਂ ਨਾਈਟਰੇਟ ਦੀ ਮਾਤਰਾ ਘੱਟ ਜਾਂਦੀ ਹੈ।

(ਡਾ. ਰਾਜਦੀਪ ਕੌਰ ਅਤੇ ਡਾ. ਸੁਰੇਸ਼ ਕੁਮਾਰ ਸ਼ਰਮਾ)

## ਲਵੇਰੀਆਂ ਵਿੱਚ ਮੋਕ ਦੇ ਕਾਰਣ ਜਾਣੋ

**ਲਵੇਰੀਆਂ ਵਿਚ ਮੋਕ ਦੇ ਮੁੱਖ ਕਾਰਣ**

- ਖੁਰਾਕੀ ਕਾਰਣ
  - ਖੁਰਾਕ ਵਿਚ ਅਚਨਚੇਤ ਤਬਦੀਲੀ
  - ਜ਼ਿਆਦਾ ਮਾਤਰਾ ਵਿਚ ਜਲਦੀ ਹਜ਼ਮ ਹੋਣ ਵਾਲਾ ਨਿਸ਼ਾਸਤਾ ਖਾਣਾ
  - ਵੰਡ ਵਿਚ ਉੱਲੀ ਦੀ ਹੋਂਦ
  - ਉੱਲੀ ਲੱਗਾ ਅਚਾਰ ਖਵਾਉਣਾ
  - ਜ਼ਿਆਦਾ ਨਮੀਂ ਵਾਲਾ ਹਰਾ ਚਾਰਾ (ਪਹਿਲੇ ਲੌਅ ਦਾ ਬਰਸੀਮ) ਖੁਆਉਣਾ
  - ਜ਼ਹਿਰੀਲੇ ਪੌਦੇ (ਬਰੂ ਆਦਿ) ਖਾਣਾ
  - ਭਖੇ ਹੋਏ ਪੱਠੇ ਖਾਣਾ (ਨਾਈਟ੍ਰਾਈਟ ਜਹਿਰਵਾਦ)
  - ਨਾਲੀ ਦਾ ਪਾਣੀ, ਯੂਰੀਏ ਵਾਲਾ ਪਾਣੀ ਪੀਣਾ
- ਕਿਟਾਣੂਆਂ/ਵਿਸ਼ਾਣੂਆਂ ਕਾਰਣ-
  - ਸਾਲਮੋਨੈਲਾ ਕਾਰਣ ਜਹਿਰਵਾਦ
  - ਅੰਤੜੀਆਂ ਦੀ ਟੀ.ਬੀ (ਜੇ.ਡੀ)
  - ਕਲੋਸਟ੍ਰੀਡੀਅਮ ਕਾਰਣ ਜਹਿਰਵਾਦ
  - ਲਵੇਰੀਆਂ ’ਚ ਵਿਸ਼ਾਣੂ ਮੋਕ (ਬੀ.ਵੀ.ਡੀ.)
  - ਸੀਤਲਾ-ਮਾਤਾ
- ਮਲ੍ਹੱਪਾਂ ਕਾਰਣ
  - ਹਿਮੋਂਕਸ/ ਔਸਟ੍ਰਟੇਜੀਆ/ ਟ੍ਰਾਈਕੋਸਟ੍ਰੌਂਗਾਈਲਸ ਆਦਿ
- ਫੁਟਕਲ ਬਿਮਾਰੀਆਂ
  - ਜਿਗਰ ਨਾਲ ਸਬੰਧਤ ਬਿਮਾਰੀਆਂ
  - ਲੋਹੇ ਦੀਆਂ ਤਿਖੀਆਂ ਚੀਜਾਂ ਖਾਣ ਕਾਰਣ ਦਿਲ ਦੀ ਬਾਹਰੀ ਝਿੱਲੀ ’ਚ ਸੋਜ
  - ਲੇਵੇ ਦੀ ਸੋਜ ਵੇਲੇ ਜਹਿਰਵਾਦ
  - ਪੇਟ ਦੀ ਝਿੱਲੀ ਦੀ ਸੋਜ
  - ਕੌਕਸੀਡੀਓਸਿਸ

(ਡਾ. ਰਕੇਸ਼ ਕੁਮਾਰ ਸ਼ਰਮਾ)

## ਸਰਦੀਆਂ ਵਿੱਚ ਖੂਨੀ ਮੋਕ/ ਵਿੰਟਰ ਡਿਸੈਂਟਰੀ (Winter Dysentery)

ਸਰਦੀਆਂ ਦੇ ਮਹੀਨਿਆਂ ਵਿੱਚ ਦੁਧਾਰੂ ਪਸ਼ੂਆਂ ਨੂੰ ਵਿਸ਼ਾਣੂ ਕਾਰਨ ਖੂਨੀ ਮੋਕ ਲੱਗ ਸਕਦੀ ਹੈ ਜਿਸ ਨੂੰ ਵਿੰਟਰ ਡਿਸੈਂਟਰੀ ਕਹਿੰਦੇ ਹਨ। ਮੋਕ ਦੇ ਨਾਲ ਪਸ਼ੂ ਖਾਣਾ ਪੀਣਾ ਘਟਾ ਦਿੰਦੇ ਹਨ ਅਤੇ ਦੁੱਧ ਦੀ ਪੈਦਾਵਾਰ ਵਿੱਚ ਕਮੀ ਆ ਜਾਂਦੀ ਹੈ। ਪਸ਼ੂ ਨੂੰ ਬੁਖਾਰ ਵੀ ਹੋ ਸਕਦਾ ਹੈ। ਇਸ ਦੇ ਨਾਲ ਖੰਘ, ਅਤੇ ਸਾਹ ਦੀ ਤਕਲੀਫ਼ ਵੀ ਹੋ ਸਕਦੀ ਹੈ। ਇਹ ਸਮੱਸਿਆ ਤਕਰੀਬਨ 1 ਹਫ਼ਤੇ ਤੱਕ ਰਹਿੰਦੀ ਹੈ ਪਰ ਦੁੱਧ ਦੀ ਪੈਦਾਵਾਰ ਵਿੱਚ ਕਮੀ ਕਈ ਮਹੀਨਿਆਂ ਤੱਕ ਰਹਿ ਸਕਦੀ ਹੈ। ਤਾਜ਼ੀਆਂ ਸੂਈਆਂ ਗਾਵਾਂ ਵਿੱਚ ਇਹ ਬਿਮਾਰੀ ਜ਼ਿਆਦਾ ਗੰਭੀਰ ਰੂਪ ਲੈਂਦੀ ਹੈ। ਇਹ ਬਿਮਾਰੀ ਛੂਤ ਰਾਹੀਂ ਫ਼ੈਲਦੀ ਹੈ। ਜੇਕਰ ਇਸ ਤਰ੍ਹਾਂ ਦੇ ਲੱਛਣ ਪਸ਼ੂਆਂ ਵਿੱਚ ਦਿੱਸਣ ਤਾਂ ਤੁਰੰਤ ਡਾਕਟਰੀ ਸਲਾਹ ਲਉ। ਬਿਮਾਰ ਪਸ਼ੂ ਨੂੰ ਬਾਕੀਆਂ ਤੋਂ ਅਲੱਗ ਕਰ ਦਿਉ। ਸ਼ੈੱਡ ਦੀ ਸਫ਼ਾਈ ਕਰਵਾਉ। ਓਪਰੇ ਬੰਦਿਆਂ ਨੂੰ ਫ਼ਾਰਮ ਅੰਦਰ ਦਾਖਿਲਾ ਨਾ ਦਿਉ। (ਡਾ. ਸ਼ਬਨਮ ਸਿੱਧੂ)

## ਪਸ਼ੂਆਂ ਦੇ ਚਾਰੇ ਲਈ ਦੋਗਲਾ ਨੇਪੀਅਰ ਬਾਜਰਾ

ਦੋਗਲਾ ਨੇਪੀਅਰ ਬਾਜਰਾ ਲੰਬੇ ਸਮੇਂ ਤੱਕ ਚਾਰਾ ਦੇਣ ਵਾਲੀ ਫ਼ਸਲ ਹੈ। ਦੋਗਲਾ ਨੇਪੀਅਰ ਬਾਜਰਾ ਇੱਕ ਵਾਰੀ ਲਾਉਣ ਤੋਂ ਬਾਅਦ 3 ਸਾਲ ਤੱਕ ਮਿਆਰੀ ਅਤੇ ਪੋਸ਼ਕ ਚਾਰਾ ਦਿੰਦਾ ਹੈ ਜਿਸ ਤੋਂ ਬਾਅਦ ਇਸ ਨੂੰ ਦੋਬਾਰਾ ਲਾਇਆ ਜਾ ਸਕਦਾ ਹੈ। ਮਾਰਚ ਤੋਂ ਨਵੰਬਰ ਤੱਕ ਇਹ ਕਈ ਕਟਾਈਆਂ ਦਿੰਦਾ ਹੈ। ਹਾਲਾਂਕਿ ਇਹ ਸੇਂਜੂ ਹਾਲਤ ਵਿੱਚ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਉਗਾਇਆ ਜਾ ਸਕਦਾ ਹੈ ਪਰ ਭਾਰੀਆਂ ਜ਼ਮੀਨਾਂ ਵਿੱਚ ਇਸ ਤੋਂ ਜ਼ਿਆਦਾ ਚਾਰਾ ਮਿਲਦਾ ਹੈ। ਇਸ ਦੀ ਫ਼ਸਲ ਲਈ ਜੜ੍ਹਾਂ ਜਾਂ ਕਲਮਾਂ ਲਾਈਆਂ ਜਾਂਦੀਆਂ ਹਨ।



ਦੋਗਲਾ ਨੇਪੀਅਰ ਬਾਜਰਾ: PBN 342

**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫ਼ਾਰਿਸ਼ ਕਿਸਮਾਂ: ਪੀ ਬੀ ਐੱਨ 342, ਪੀ ਬੀ ਐੱਨ 346, ਪੀ ਬੀ ਐੱਨ 233, ਪੀ ਬੀ ਐੱਨ 83।**

ਵਧੀਆ ਫ਼ਸਲ ਲੈਣ ਲਈ 11,000 ਕਲਮਾਂ ਜਾਂ ਜੜਾਂ ਇੱਕ ਏਕੜ ਲਈ ਚਾਹੀਦੀਆਂ ਹਨ। ਇਹਨਾਂ ਨੂੰ ਲਾਉਣ ਲਈ ਫ਼ਰਵਰੀ ਤੋਂ ਮਈ ਦਾ ਅਖੀਰ ਸਹੀ ਸਮਾਂ ਹੈ। ਬੂਟਿਆਂ ਅਤੇ ਕਤਾਰਾਂ ਵਿਚਲਾ ਫ਼ਾਸਲਾ ਕਰਮਵਾਰ 90 ਅਤੇ 40 ਸੈਂਟੀਮੀਟਰ ਜਾਂ 60 ਅਤੇ 60 ਸੈਂਟੀਮੀਟਰ ਰੱਖਣ ਦੀ ਸਿਫ਼ਾਰਿਸ਼ ਹੈ। ਚਾਰੇ ਦੀ ਪਹਿਲੀ ਕਟਾਈ 50 ਦਿਨਾਂ ’ਤੇ ਲਈ ਜਾ ਸਕਦੀ ਹੈ। ਉਸ ਤੋਂ ਬਾਅਦ ਹਰੇਕ ਕਟਾਈ ਉਸ ਵੇਲੇ ਕਰਨੀ ਚਾਹੀਦੀ ਹੈ ਜਦੋਂ ਬੂਟੇ 3 ਫ਼ੁੱਟ ਉੱਚੇ ਹੋ ਜਾਣ। ਜੇਕਰ ਬੂਟੇ 6 ਫ਼ੁੱਟ ਤੋਂ ਉੱਚੇ ਵਧ ਜਾਣ ਤਾਂ ਇਸ ਦੇ ਨਾਲ ਕੋਈ ਹੋਰ ਚਾਰਾ ਮਿਲਾ ਕੇ ਪਾਉਣਾ ਚਾਹੀਦਾ ਹੈ ਨਹੀਂ ਤਾਂ ਪਸ਼ੂਆਂ ਨੂੰ ਚਾਰਾ ਪਚਾਉਣ ਵਿੱਚ ਮੁਸ਼ਕਿਲ ਆਉਂਦੀ ਹੈ। (ਸ੍ਰੋਤ: ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ)

## ਜੱਟਾ ਖਿੱਚ ਤਿਆਰੀ! ਮਿਸ਼ਰਿਤ ਚਾਰੇ ਲਾਈਏ ਇਸ ਵਾਰੀ



ਮਿਸ਼ਰਿਤ ਚਾਰਾ: ਮੱਕੀ + ਰਵਾਂਹ

ਫ਼ਰਵਰੀ ਦੇ ਅਖੀਰਲੇ ਹਫ਼ਤੇ ਵਿੱਚ ਪਸ਼ੂ ਪਾਲਕ ਅਤੇ ਕਿਸਾਨ ਸਾਉਣੀ ਦੇ ਚਾਰਿਆਂ ਦੀ ਬਿਜਾਈ ਲਈ ਤਿਆਰੀ ਸ਼ੁਰੂ ਕਰ ਦੇਣ ਤਾਂ ਕਿ ਗਰਮੀ ਦੇ ਮਹੀਨਿਆਂ ਦੌਰਾਨ ਪਸ਼ੂਆਂ ਲਈ ਜ਼ਰੂਰੀ ਮਾਤਰਾ ਵਿੱਚ ਹਰਾ ਚਾਰਾ ਉਪਲਬਧ ਕਰਵਾਇਆ ਜਾ ਸਕੇ। ਮਾਰਚ ਮਹੀਨੇ ਤੋਂ ਜ਼ਿਆਦਾਤਰ ਹਰੇ ਚਾਰਿਆਂ ਦੀ ਬਿਜਾਈ ਦਾ ਸਮਾਂ ਸ਼ੁਰੂ ਹੋ ਜਾਵੇਗਾ। **ਪੰਜਾਬ ਵਿੱਚ ਫ਼ਾਲ ਆਰਮੀਵਾਰਮ ਦੀ ਸਮੱਸਿਆ ਤੋਂ ਬਚਾਅ ਲਈ ਮੱਕੀ ਦੀ ਬਿਜਾਈ ਅੱਧ ਅਪ੍ਰੈਲ ਤੋਂ ਅੱਧ ਅਗਸਤ ਤੱਕ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ।** ਪਸ਼ੂ ਪਾਲਕ ਹਰੇ ਚਾਰੇ ਦੀ ਗੁਣਵੱਤਾ ਵਧਾਉਣ ਲਈ ਮਿਸ਼ਰਿਤ ਚਾਰੇ ਲਾਉਣ ਨੂੰ ਤਰਜੀਹ ਦੇਣ। ਮਿਸ਼ਰਿਤ ਚਾਰਿਆਂ ਲਈ ਮੱਕੀ ਅਤੇ ਬਾਜਰੇ ਦੇ ਨਾਲ ਰਵਾਂਹ ਅਤੇ ਜਵਾਰ ਨਾਲ ਗੁਆਰਾ ਰਲਾ ਕੇ ਬੀਜਿਆ ਜਾ ਸਕਦਾ ਹੈ। (ਡਾ. ਅਰੁਨਬੀਰ ਸਿੰਘ)

## ਫ਼ਲੀਦਾਰ ਫ਼ਸਲਾਂ ਤੋਂ ਸੁੱਕਾ ਅਚਾਰ (ਹੇਅ) ਬਣਾਉਣਾ

### 1. ਫ਼ਸਲ ਦੀ ਚੋਣ



ਹਰੇ ਚਾਰੇ ਨੂੰ ਸੁਕਾਉਣ ਲਈ ਨਰਮ ਤਣੇ ਵਾਲੀਆਂ ਫ਼ਸਲਾਂ ਜਿਵੇਂ ਕਿ ਬਰਸੀਮ ਅਤੇ ਰਵਾਂਹ ਜ਼ਿਆਦਾ ਢੁਕਵੀਆਂ ਹਨ।



ਬਰਸੀਮ ਨੂੰ ਸੁਕਾਉਣ ਲਈ ਕੱਟਣ ਦਾ ਠੀਕ ਸਮਾਂ ਉਸ ਵੇਲੇ ਹੁੰਦਾ ਹੈ ਜਦੋਂ ਫ਼ਸਲ ਨੂੰ ਫ਼ੁੱਲ ਪੈ ਜਾਣ।

### 2. ਫ਼ਸਲ ਦੀ ਕਟਾਈ ਅਤੇ ਕੁਤਰਾ



ਕਟਾਈ ਕਰਨ ਤੋਂ ਬਾਅਦ ਚਾਰੇ ਨੂੰ ਲੋੜ ਅਨੁਸਾਰ 1-2 ਦਿਨ ਲਈ ਖੇਤ ਵਿੱਚ ਹੀ ਸੁਕਾਇਆ ਜਾ ਸਕਦਾ ਹੈ।



ਕੱਟੇ ਹੋਏ ਚਾਰੇ ਨੂੰ ਟੋਕੇ ‘ਤੇ ਮੋਟੀ ਚਾਲ ‘ਤੇ 5-8 ਸੈਂ.ਮੀ ਦੀ ਲੰਬਾਈ ਰੱਖ ਕੇ ਕੁਤਰ ਲਵੋ।

### 3. ਕੁਤਰੇ ਹੋਏ ਚਾਰੇ ਨੂੰ ਸੁਕਾਉਣਾ



ਕੱਟੇ ਹੋਏ ਚਾਰੇ ਨੂੰ ਟੋਕੇ ‘ਤੇ ਮੋਟੀ ਚਾਲ ‘ਤੇ 5-8 ਸੈਂ.ਮੀ ਦੀ ਲੰਬਾਈ ਰੱਖ ਕੇ ਕੁਤਰ ਲਵੋ।



ਚਾਰਾ 2-3 ਦਿਨ ਵਿੱਚ ਸੁੱਕ ਕੇ ਤਿਆਰ ਹੋ ਜਾਂਦਾ ਹੈ। ਵਧੀਆ ਤਰੀਕੇ ਨਾਲ ਸੁੱਕਿਆ ਚਾਰਾ ਹਰੇ ਰੰਗ ਦਾ ਹੁੰਦਾ ਹੈ ਅਤੇ ਮਸਲਣ ‘ਤੇ ਭੁਰ ਜਾਂਦਾ ਹੈ।

(ਡਾ. ਅਰੁਨਬੀਰ ਸਿੰਘ)

## ਪਸ਼ੂ ਪਾਲਣ ਦੇ ਵਾਧੇ ਲਈ ਨਸਲ ਸੁਧਾਰ ਦੀ ਅਹਿਮੀਅਤ

**ਪਿਉ ਤੇ ਪੁੱਤ, ਨਸਲ ਤੇ ਘੋੜਾ, ਬਹੁਤ ਨਹੀਂ ਤਾਂ ਥੋੜ੍ਹਾ-ਥੋੜ੍ਹਾ**

ਇਸ ਨੂੰ ਸਮਝੀਏ ਤਾਂ ਪਤਾ ਲਗਦਾ ਹੈ ਕਿ ਨਸਲ ਦੀ ਕਿੰਨੀ ਅਹਿਮੀਅਤ ਹੈ, ਇਸ ਲਈ ਨਸਲ ਹੀ ਪੈਦਾਵਾਰ ਦਾ ਧੁਰਾ ਹੈ। ਜਿਸ ਮੰਤਵ ਨਾਲ ਜਾਨਵਰ ਨੂੰ ਰੱਖਿਆ ਜਾਂਦਾ ਹੈ, ਉਸ ਦੀ ਆਉਣ ਵਾਲੀ ਪੀੜ੍ਹੀ ਵਿੱਚ ਉਸੇ ਹੀ ਤਰ੍ਹਾਂ ਦੇ ਅਨੁਵੰਸ਼ਿਕ ਗੁਣਾਂ ਨੂੰ ਵੱਧ ਤੋਂ ਵੱਧ ਵਿਕਸਿਤ ਕਰਨ ਨੂੰ ਨਸਲ ਸੁਧਾਰ ਕਿਹਾ ਜਾਦਾ ਹੈ। ਦੁੱਧ ਪੈਦਾ ਕਰਨ ਦੀ ਸਮਰੱਥਾ ਪਸ਼ੂ ਦੇ ਜਨਮ ਤੇ ਹੀ ਨਿਰਧਾਰਿਤ ਹੋ ਜਾਂਦੀ ਹੈ ਅਤੇ ਪੂਰੇ ਜੀਵਨ ਕਾਲ ਦੌਰਾਨ ਪਸ਼ੂ ਦੀ ਅਨੁਵੰਸ਼ਿਕ ਗੁਣਵੱਤਾ ਨੂੰ ਬਦਲਿਆ ਨਹੀਂ ਜਾ ਸਕਦਾ। ਪੌਸ਼ਟਿਕ ਆਹਾਰ ਅਤੇ ਚੰਗੇ ਰੱਖ-ਰਖਾਅ ਨਾਲ ਇੱਕ ਹੱਦ ਤੱਕ ਹੀ ਉਤਪਾਦਨ ਲਿਆ ਜਾ ਸਕਦਾ ਹੈ। ਜੇਕਰ ਉਨ੍ਹਾਂ ਲਵੇਰਿਆਂ ਵਿੱਚੋ ਦੁੱਧ ਪੈਦਾ ਕਰਨ ਵਾਲੇ ਗੁਣਾਂ ਦੀ ਘਾਟ ਹੈ ਤਾਂ ਉਸ ਤੋਂ ਅਸੀਂ ਕਿਸੇ ਵੀ ਤਰੀਕੇ ਨਾਲ ਜ਼ਿਆਦਾ ਦੁੱਧ ਨਹੀਂ ਲੈ ਸਕਦੇ ਚਾਹੇ ਅਸੀਂ ਕੁੱਝ ਵੀ ਖਿਲਾਉਂਦੇ ਰਹੀਏ। ਇਸ ਲਈ ਉਸ ਦੀ ਅਗਲੀ ਪੀੜ੍ਹੀ ਵਿੱਚ ਦੁੱਧ ਪੈਦਾ ਕਰਨ ਦੇ ਗੁਣਾਂ ਨੂੰ ਵਧਾਉਣ ਲਈ ਨਸਲਕਸ਼ੀ ਹੀ ਇਕ ਸਾਧਨ ਹੈ। ਨਸਲ ਸੁਧਾਰ ਲਈ ਸਭ ਤੋਂ ਪਹਿਲਾਂ ਚੰਗੀ ਨਸਲ ਦੀ ਪਹਿਚਾਣ ਕਰਨਾ ਜਰੂਰੀ ਹੈ ਅਤੇ ਉਸੇ ਹੀ ਨਸਲ ਵਿੱਚ ਵੱਧ ਤੋਂ ਵੱਧ ਪੈਦਾਵਾਰ ਦੇਣ ਵਾਲੇ ਪਸ਼ੂਆਂ ਦੀ ਚੋਣ ਕਰਨਾ ਅਤਿ ਮਹੱਤਵਪੂਰਣ ਹੈ।

### ਸਹੀ ਨਸਲਕਸ਼ੀ ਲਈ ਧਿਆਣਯੋਗ ਗੱਲਾਂ:

- ਨਸਲਕਸ਼ੀ ਲਈ ਇਸਤੇਮਾਲ ਕਰਨ ਵਾਲੇ ਸਾਨ੍ਹ/ ਝੋਟੇ ਬਾਰੇ ਪੂਰਾ ਗਿਆਨ ਹੋਵੇ ਅਤੇ ਉਸ ਦਾ ਪੂਰਾ ਰਿਕਾਰਡ ਵੇਖੋ। ਉਸ ਦੀ ਮਾਂ ਅਤੇ ਪਿਉ ਦੇ ਬਾਰੇ, ਨਸਲ ਕਿਹੜੀ ਹੈ, ਨਸਲ ਨਾਲ ਮੇਲ ਖਾਂਦੇ ਹਨ ਆਦਿ।

- ਸਾਨ੍ਹ ਇੱਕ ਹਫਤੇ ਵਿੱਚ ਕਿੰਨੇ ਸਾਥੀ ਪਸ਼ੂ/ ਲਵੇਰਿਆਂ ਨਾਲ ਮਿਲਾਪ ਕਰਦਾ ਹੈ। ਇਹ 2 ਜਾਂ 3 ਵਾਰ ਇਸਤੇਮਾਲ ਹੋਣਾ ਚਾਹੀਦਾ ਹੈ।

- ਸਾਨ੍ਹ ਦੀ ਸਿਹਤ ਠੀਕ ਹੈ ਕੋਈ ਪ੍ਰਜਨਣ ਸਬੰਧੀ ਜਾਂ ਹੋਰ ਕੋਈ ਬਿਮਾਰੀ ਤਾਂ ਨਹੀਂ। ਵੀਰਜ ਦੀ ਕਦੇ ਜਾਂਚ ਹੋਈ ਹੈ?

- ਜੇ ਫ਼ਾਰਮ ਤੇ ਮਾਲੀ ਰਖਿਆ ਹੈ ਤਾਂ ਹਰ ਦੋ ਤੋਂ ਢਾਈ ਸਾਲ ਬਾਅਦ ਬਦਲੋ ਨਹੀਂ ਤਾਂ ਸਾਨ੍ਹ ਤੋਂ ਪੈਦਾ ਹੋਈਆ ਧੀਆਂ ਨਾਲ ਮਿਲਾਪ ਦਾ ਖਤਰਾ ਰਹਿੰਦਾ ਹੈ। ਜਿਸ ਨਾਲ ਅਗਾਂਹ ਦੀ ਪੀੜ੍ਹੀ ਦੀ ਪੈਦਾਵਾਰ ਤੇ ਅਸਰ ਆਉਂਦਾ ਹੈ

- ਸਾਨ੍ਹ ਦੀ ਨਸਲ ਅਤੇ ਲਵੇਰੇ ਜਾਂ ਮਾਦਾ ਪਸ਼ੂ ਦੀ ਨਸਲ ਇਕੋ ਜਿਹੀ ਹੋਣੀ ਚਾਹੀਦੀ ਹੈ। ਉਦਾਹਰਣ: ਮੁਰ੍ਹਾ ਮੱਝ ਨੂੰ ਮੁਰ੍ਹਾ ਨਾਲ ਮਿਲਾਉ ਤੇ ਨੀਲੀ ਰਾਵੀ ਨੂੰ ਨੀਲੀ ਰਾਵੀ ਨਾਲ।

- ਦੋਗਲੀ ਨਸਲ ਲਈ ਜਿਹੜੀਆਂ ਨਸਲਾਂ ਬਾਰੇ ਸਰਕਾਰ ਜਾਂ ਯੂਨੀਵਰਸਿਟੀ ਵੱਲੋ ਕਿਹਾ ਜਾਂਦਾ ਹੈ ਉਹੀ ਪੈਦਾ ਕਰੋ ਅਤੇ ਆਪਣੀ ਮਰਜੀ ਨਾਲ ਨਸਲਾਂ ਨਾ ਮਿਲਾਉ।

- ਆਸ ਕਰਵਾਉਣ ਦੀ ਬਜਾਏ ਮਸਨੂਈ ਗਰਭਦਾਨ ਅਪਨਾਉ ਜਿਹੜਾ ਕਿ ਸਸਤਾ ਵੀ ਪੈਂਦਾ ਹੈ, ਮਾਲੀ ਨੂੰ ਵੱਗ 'ਚ ਰੱਖਣ ਦੀ ਲੋੜ ਨਹੀਂ ਪੈਦੀ ਅਤੇ ਰਿਸਤੇਦਾਰੀ 'ਚ ਮਿਲਾਪ ਤੇ ਠੱਲ ਪੈਂਦੀ ਹੈ।

- ਅੱਜਕਲ੍ਹ ਲਿੰਗ ਨਿਰਧਾਰਤ ਵੀਰਜ਼ ਵੀ ਉਪਲਬਧ ਹੈ ਇਹ ਪਲੂਣ ਜਾਂ ਪਹਿਲੇ ਸੂਏ ਲਵੇਰੇ ਵਿਚ ਕਾਫੀ ਕਾਮਯਾਬ ਹੈ, ਪਰ ਇਹ ਮਹਿੰਗਾ ਵੀ ਹੈ । ਜੇ ਸਾਰਾ ਪ੍ਰਬੰਧ ਅਤੇ ਸੰਭਾਲ ਠੀਕ ਹੈ ਅਤੇ ਸਹੀ ਹੇਹਾ ਲੱਭਿਆ ਹੈ ਤਾਂ ਉਸ ਵੱਲ ਸੋਚੋ।

ਇਸ ਤੋਂ ਇਲਾਵਾ ਵੈਟਨਰੀ ਯੂਨੀਵਰਸਿਟੀ ਨਾਲ ਰਾਬਤਾ ਰੱਖੋ, ਸਮੇਂ ਤੇ ਗਿਆਨ ਲਵੋ ਤੇ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਚੱਲੋ।ਟਰੇਨਿੰਗ ਵੀ ਲੈ ਸਕਦੇ ਹੋ ਪਰ ਉਸ ਲਈ ਸਮਾਂ, ਸੋਚ ਅਤੇ ਸਿਫਾਰਸ਼ਾ ਤੇ ਪਹਿਰਾ ਦੇਣ ਦੀ ਲੋੜ ਹੈ।

ਤਾਂ ਹੀ ਕਹਿੰਦੇ ਨੇ **ਸਿਆਣਾ ਉਹੀ ਜੋ ਸਮੇਂ ਦਾ ਹਾਣੀ ਬਣ ਕੇ ਚੱਲੇ। ਤਾਂ ਅੱਜ ਸਮਾਂ ਹੈ ਗਿਆਨ ਦਾ ਅਤੇ ਉਸ ਨਾਲ ਹੀ ਕਲਿਆਣ ਹੋਣਾ ਹੈ**।

(ਡਾ. ਸਿਮਰਜੀਤ ਕੌਰ)

## ਜਨਵਰੀ- ਫ਼ਰਵਰੀ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਜਨਵਰੀ ਮਹੀਨੇ ਵਿੱਚ ਸਰਦ ਮੌਸਮ ਆਪਣੇ ਸਿਖਰ 'ਤੇ ਪਹੁੰਚ ਜਾਂਦਾ ਹੈ। ਪਸ਼ੂਆਂ ਅਤੇ ਪੰਛੀਆਂ ਨੂੰ ਸਰਦ ਮੌਸਮ ਤੋਂ ਬਚਾਉਣ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਖਾਸ ਤੌਰ 'ਤੇ ਨਵਜੰਮੇ ਬੱਚਿਆਂ ਦੀ ਦੇਖਭਾਲ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਸਿਫ਼ਾਰਿਸ਼ਾਂ ਅਨੁਸਾਰ 4 ਮਹੀਨਿਆਂ ਦੀ ਉਮਰ ਤੱਕ ਦੁੱਧ ਪਿਆਉਣਾ ਲਾਜ਼ਮੀ ਹੈ।

### ਡੇਅਰੀ ਫ਼ਾਰਮਿੰਗ

ਪਸ਼ੂਆਂ ਨੂੰ ਦਿਨ ਵੇਲੇ ਧੁੱਪ ਵਿੱਚ ਰੱਖੋ। ਲੋੜ ਅਨੁਸਾਰ ਪਸ਼ੂਆਂ ਉੱਤੇ ਪੱਲੜ ਦਾ ਪ੍ਰਬੰਧ ਵੀ ਕਰੋ।

ਪਸ਼ੂਆਂ ਦੇ ਸ਼ੈੱਡ ਨੂੰ ਬੰਦ ਕਰਨ ਵੇਲੇ ਰੌਸ਼ਨਦਾਨ 'ਤੇ ਹਲਕੇ ਪਰਦੇ ਪਾਉ ਤਾਂ ਕਿ ਸ਼ੈੱਡ 'ਚੋਂ ਹਵਾ ਦਾ ਨਿਕਾਸ ਹੋ ਸਕੇ।

ਸ਼ੈੱਡ ਦੀ ਫ਼ਰਸ਼ 'ਤੇ ਸੁੱਕੀ ਪਰਾਲੀ ਦੀ ਮੋਟੀ ਤੈਅ ਵਿਛਾ ਕੇ ਰੱਖੋ। ਗਿੱਲੀ ਹੋਈ ਪਰਾਲੀ ਨੂੰ ਹਟਾ ਕੇ ਰੂੜੀ ਵਿੱਚ ਮਿਲਾਉ।

### ਬੱਕਰੀ ਪਾਲਣ

ਬੱਕਰੀਆਂ ਦੇ ਵਾੜੇ ਦੀ ਫ਼ਰਸ਼ ਸਾਫ਼ ਅਤੇ ਸੁੱਕੀ ਹੋਣੀ ਚਾਹੀਦੀ ਹੈ। ਫ਼ਰਸ਼ 'ਤੇ ਪਰਾਲੀ ਵਿਛਾ ਕੇ ਰੱਖੋ।

ਇੱਕ ਸਾਲ ਤੋਂ ਵੱਧ ਉਮਰ ਦੀਆਂ ਪੱਠਾਂ ਅਤੇ ਬੱਕਰੀਆਂ ਨੂੰ 250-500 ਗ੍ਰਾਮ ਸੰਤੁਲਿਤ ਖੁਰਾਕ ਅਤੇ ਫ਼ੀਡ ਪਾਉ। ਇਸ ਨਾਲ ਅੰਡ ਕੋਸ਼ ਦਾ ਵਧੀਆ ਵਿਕਾਸ ਹੁੰਦਾ ਹੈ ਅਤੇ ਸੂਣ ਵੇਲੇ ਪੱਠ ਜ਼ਿਆਦਾ ਛੇਲੇ ਦਿੰਦੀ ਹੈ।

ਮਾਦਾ ਬੱਕਰੀਆਂ ਨੂੰ ਫ਼ਰਵਰੀ ਮਹੀਨੇ ਤੋਂ ਤਾਅ ਦੀਆਂ ਨਿਸ਼ਾਨੀਆਂ ਲਈ ਦੇਖੋ।

ਸੂਣ ਵਾਲੀਆਂ ਬੱਕਰੀਆਂ ਨੂੰ ਸੂਣ ਤੋਂ 15 ਦਿਨ ਪਹਿਲਾਂ ਬਾਕੀ ਵੱਗ ਤੋਂ ਅਲੱਗ ਕਰ ਦਿਉ।

### ਮੁਰਗੀ ਪਾਲਣ

ਮੁਰਗੀ ਪਾਲਣ ਸ਼ੁਰੂ ਕਰਨ ਲਈ ਫ਼ਰਵਰੀ ਮਹੀਨਾ ਬਹੁਤ ਢੁਕਵਾਂ ਹੈ।

ਚੂਚਿਆਂ ਨੂੰ ਵਧੀਆ ਢੰਗ ਨਾਲ ਪਾਲਣ ਲਈ ਉਮਰ ਦੇ ਪਹਿਲੇ ਮਹੀਨੇ ਦੌਰਾਨ ਲਗਭਗ 32 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਪੈਂਦੀ ਹੈ। ਇਸ ਦੌਰਾਨ ਚੂਚਿਆਂ ਨੂੰ ਪਰਦੇ ਕਰ ਕੇ ਕਮਰੇ/ ਸ਼ੈੱਡ ਵਿੱਚ ਬਰੂਡਰ ਹੇਠਾਂ ਪਾਲਣਾ ਚਾਹੀਦਾ ਹੈ।

ਆਂਡੇ ਦੇਣ ਵਾਲੀਆਂ ਕਿਸਮਾਂ ਦੇ ਚੂਚਿਆਂ ਨੂੰ 0-1 ਹਫ਼ਤੇ ਤੱਕ 24 ਘੰਟੇ, 2-3 ਹਫ਼ਤੇ ਤੱਕ 20 ਘੰਟੇ, 4-12 ਹਫ਼ਤੇ ਤੱਕ 16 ਘੰਟੇ ਰੋਸ਼ਨੀ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

### ਸੂਰ ਪਾਲਣ

ਸੂਰਾਂ ਦੇ ਸ਼ੈੱਡ ਵਿੱਚ ਸਫ਼ਾਈ ਦਾ ਪੂਰਾ ਪ੍ਰਬੰਧ ਕਰੋ। ਲੋੜ ਅਨੁਸਾਰ ਫ਼ਰਸ਼ 'ਤੇ ਪਰਾਲੀ ਵਿਛਾਉ।

ਸੂਰਾਂ ਦੇ ਬੱਚਿਆਂ ਵਾਲੇ ਖਾਨੇ ਵਿੱਚ ਤਕਰੀਬਨ 2 ਫ਼ੁੱਟ 'ਤੇ ਬਲਬ ਲਗਾ ਕੇ ਨਿੱਘ ਬਣਾ ਕੇ ਰੱਖੋ।

### ਮੱਛੀ ਪਾਲਣ

ਜਨਵਰੀ ਦੌਰਾਨ ਤਲਾਅ ਵਿੱਚ ਖਾਦ ਨਾ ਪਾਉ।

ਤਲਾਅ ਦੇ ਆਲੇ ਦੁਆਲੇ ਛਾਂਦਾਰ ਰੁੱਖਾਂ ਦੀ ਛੰਗਾਈ ਕਰੋ।

ਫ਼ਰਵਰੀ ਦੇ ਅਖੀਰਲੇ ਹਫ਼ਤੇ ਮੱਛੀਆਂ ਨੂੰ ਖੁਰਾਕ ਪਾਉਣੀ ਸ਼ੁਰੂ ਕਰੋ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ)